ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਜਰਨਲ ਸ਼ਾਖਾ)
ਐਸ.ਸੀ.ਓ. ਨੰਬਰ 49, ਸੈਕਟਰ 17-ਈ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ
1) ਡਿਪਟੀ ਕਮਿਸ਼ਨਰ ;
2) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ;
3) ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤ ;
4) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ;
5) ਉੱਪ ਮੁੱਖ ਕਾਰਜਕਾਰੀ ਅਫ਼ਸਰ, ਜ਼ਿਲ੍ਹਾ ਪ੍ਰੀਸ਼ਦ ;
6) ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ।

ਯਾਦ ਪੱਤਰ ਨੰਬਰ : 6/20/94-ਜੀ-1/75004-211
ਚੰਡੀਗੜ੍ਹ ਮਿਤੀ : 29/10/99

ਵਿਸ਼ਾ :- **ਗਰਾਮ ਪੰਚਾਇਤ ਫੰਡ ਅਪਰੇਟ ਕਰਨ ਸਬੰਧੀ ।**

ਹਵਾਲਾ :- **ਇਸ ਵਿਭਾਗ ਦਾ ਪੱਤਰ ਨੰਬਰ 6/20/94-ਜੀ-1/12818-998, ਮਿਤੀ 07/04/97 ਅਤੇ ਪੱਤਰ ਨੰਬਰ ਡੀ.ਪੀ.ਜੀ.-1-99/45438-608, ਮਿਤੀ 23/04/99।**

ਹਵਾਲਾ ਅਧੀਨ ਪੱਤਰ ਦੀ ਲੜੀ ਵਿਚ ਸਰਕਾਰ ਵਲੋਂ ਗਰਾਮ ਪੰਚਾਇਤ ਫੰਡ ਨੂੰ ਅਪਰੇਟ ਕਰਨ ਸਬੰਧੀ ਮੁੜ ਵਿਚਾਰਨ ਉਪਰੰਤ ਇਸ ਵਿਚ ਅੰਸ਼ਿਕ ਸੋਧ ਕਰਦੇ ਹੋਏ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਹੈ :-

1) ਅੱਗੇ ਤੋਂ ਗਰਾਮ ਪੰਚਾਇਤ ਫੰਡ ਸਬੰਧਤ ਸਰਪੰਚ ਅਤੇ ਪੰਚਾਇਤ ਵਲੋਂ ਅਧਿਕਾਰਤ ਇਕ ਪੰਚ ਦੁਆਰਾ ਸਾਂਝੇ ਤੌਰ ਤੇ ਅਪਰੇਟ ਕੀਤਾ ਜਾਇਆ ਕਰੇਗਾ ;

2) ਚੈਕ ਕੱਟਣ ਉਪਰੰਤ ਸਰਪੰਚ ਦੀ ਜ਼ਿਮੇਂਵਾਰੀ ਹੋਵੇਗੀ ਕਿ ਉਹ ਤਿੰਨ ਦਿਨਾਂ ਦੇ ਅੰਦਰ-ਅੰਦਰ ਇਸ ਬਾਰੇ ਸੂਚਨਾਂ ਅਤੇ ਬਿਲਾਂ ਆਦਿ ਦੀਆਂ ਕਾਪੀਆਂ ਪੰਚਾਇਤ ਸਕੱਤਰ ਨੂੰ ਦੇਵੇਗਾ ਅਤੇ ਪੰਚਾਇਤ ਸਕੱਤਰ ਅਗੇ ਇਹ ਸੂਚਨਾ ਨਾਲ ਨੱਥੀ ਪ੍ਰੋਫਾਰਮੇ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਨੂੰ 7 ਦਿਨਾਂ ਦੇ ਅੰਦਰ-ਅੰਦਰ ਦੇ ਕੇ ਰਸੀਦ ਪ੍ਰਾਪਤ ਕਰੇਗਾ।

3) ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਮਿਥੇ ਪ੍ਰਫਾਰਮੇ ਵਿਚ ਪੰਚਾਇਤ ਸਕੱਤਰ ਪਾਸੋਂ ਸੂਚਨਾ / ਰਿਕਾਰਡ ਪ੍ਰਾਪਤ ਹੋਣ ਦੇ ਇੱਕ ਹਫਤੇ ਦੇ ਅੰਦਰ-ਅੰਦਰ ਰਿਕਾਰਡ ਮੁਕੰਮਲ ਕਰਾਉਣਾ ਯਕੀਨੀ ਬਣਾਏਗਾ।

4) ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਵਲੋਂ ਪੰਚਾਇਤ ਸਕੱਤਰ ਰਾਹੀਂ ਨਿਰਧਾਰਿਤ ਪ੍ਰਾਫਾਰਮੇ ਵਿਚ ਪੰਚਾਇਤ ਵਲੋਂ ਫੰਡ ਕਢਵਾਉਣ ਸਬੰਧੀ ਸੂਚਨਾ. ਪੇਸ਼ ਕਰਨ ਤੇ ਬਕਾਇਦਾ ਦਫ਼ਤਰੀ ਰਸੀਦ ਦਿੱਤੀ ਜਾਵੇਗੀ।

ਇਹ ਹਦਾਇਤਾਂ 15/11/99 ਤੋਂ ਲਾਗੂ ਹੋਣਗੀਆਂ ਅਤੇ ਇਨ੍ਹਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

28.10.1999
ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ
ਵਿਭਾਗ, ਪੰਜਾਬ, ਚੰਡੀਗੜ੍ਹ । ਪੰਪ

ਪਿੱਠ ਅੰਕਣ ਨੰਬਰ : 6/20/94-ਜੀ-1/ 75212-15 ਚੰਡੀਗੜ੍ਹ, ਮਿਤੀ : 29/10/99

ਉਪਰੋਕਤ ਦਾ ਇਕ ਉਤਾਰਾ :-

1) ਨਿੱਜੀ ਸਕੱਤਰ /ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਨੂੰ ਮਾਨਯੋਗ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਜੀ ਦੀ ਸੂਚਨਾ ਹਿੱਤ;

2) ਨਿੱਜੀ ਸਕੱਤਰ / ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਨੂੰ ਮਾਨਯੋਗ ਰਾਜ ਮੰਤਰੀ ਪੇਂਡੂ ਵਿਕਾਸ ਅਤੇ ਪੰਚਇਤ ਮੰਤਰੀ ਜੀ ਦੀ ਸੂਚਨਾ ਹਿੱਤ;

3) ਨਿੱਜੀ ਸਕੱਤਰ / ਵਿੱਤੀ ਕਮਿਸ਼ਨਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ;

4) ਨਿੱਜੀ ਸਹਾਇਕ / ਸਪੈਸ਼ਲ ਸਕੱਤਰ-ਕਮ-ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

28.10.99
ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ
ਵਿਭਾਗ, ਪੰਜਾਬ, ਚੰਡੀਗੜ੍ਹ ।

ਪਿੱਠ ਅੰਕਣ ਨੰਬਰ : 6/20/94-ਜੀ-1/75916 ਚੰਡੀਗੜ੍ਹ, ਮਿਤੀ : 29/10/99

ਉਪਰੋਕਤ ਦਾ ਇੱਕ ਉਤਾਰਾ :

1) ਨਿਗਰਾਨ ਇੰਜੀਨੀਅਰ, ਪੰਚਾਇਤੀ ਰਾਜ ਸਰਕਲ, ਪੰਜਾਬ, ਚੰਡੀਗੜ੍ਹ ;

2) ਰਾਜ ਦੇ ਸਮੂਹ ਕਾਰਜਕਾਰੀ ਇੰਜੀਨੀਅਰ (ਪੰਚਾਇਤੀ ਰਾਜ) ;

3) ਰਾਜ ਦੇ ਸਮੂਹ ਐਸ.ਡੀ.ਓ. (ਪੰਚਾਇਤੀ ਰਾਜ)

ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

28.10.99
ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ
ਵਿਭਾਗ, ਪੰਜਾਬ, ਚੰਡੀਗੜ੍ਹ ।

ਪ੍ਰੋਫਾਰਮਾ ਜਿਸ ਵਿੱਚ ਪੰਚਾਇਤ ਸਕੱਤਰ ਵੱਲੋਂ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਨੂੰ ਉਸਦੇ ਸਰਕਲ ਵਿੱਚ ਪੈਂਦੀਆਂ ਪੰਚਾਇਤਾਂ ਵੱਲੋਂ ਕਢਵਾਈ ਗਈ ਰਾਸ਼ੀ ਬਾਰੇ ਸੂਚਨਾ ਦਿੱਤੀ ਜਾਵੇਗੀ।

ਪੰਚਾਇਤ ਸਕੱਤਰ ਦਾ ਨਾਂ........................................

| ਲੜੀ ਨੰ: | ਪੰਚਾਇਤ ਦਾ ਨਾ | ਰਕਮ ਜੋ ਕਢਵਾਈ ਗਈ | ਰਕਮ ਕਢਵਾਉਣ ਸਬੰਧੀ ਗਰਾਮ ਪੰਚਾਇਤ ਦਾ ਮਤਾ ਨੰ: ਅਤੇ ਮਿਤੀ | ਮੰਤਵ | ਚੈੱਕ ਨੰ: ਅਤੇ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|
| | | | | | | |

ਬਲਾਕ ਵਲੋ ਰਿਪੋਰਟ ਪ੍ਰਾਪਤ ਕਰਨ ਵਾਲੇ ਅਧਿਕਾਰੀ/ ਕਰਮਚਾਰੀ ਦੇ ਹਸਤਾਖਰ।
ਮਿਤੀ.......................

ਪੰਚਾਇਤ ਸਕੱਤਰ ਦੇ ਹਸਤਾਖਰ।
ਮਿਤੀ.....................